**ਪੰਜਾਬ ਸਕੂਲ ਸਿੱਖਿਆ ਬੋਰਡ**
**(ਐਫੀਲੀਏਸਨ ਸਾਖਾ)**

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਸਮੂਹ ਐਫੀਲੀਏਟਿਡ ਸਕੂਲਜ਼, ਪੰਜਾਬ।

ਨੰਬਰ: ਪਸਸਬ-ਐਫੀ: 2018/5122 ਮਿਤੀ: 27/9/18

**ਵਿਸ਼ਾ: ਸਲਾਨਾ ਪ੍ਰੀਖਿਆਵਾਂ ਵਿੱਚ ਨਕਲ ਕਰਵਾਉਣ ਅਤੇ ਹੋਰ ਬੇਨਿਯਮੀਆਂ ਸਬੰਧੀ ਸਕੂਲਾਂ ਨੂੰ ਵਿਦਿਆਰਥੀ ਦਾਖਲ ਕਰਨ ਦੀ ਹਦਾਇਤ ਜਾਰੀ ਕਰਨ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਮਾਰਚ-2018 ਦੀ ਦਸਵੀਂ ਅਤੇ ਬਾਰ੍ਹਵੀਂ ਸ਼ੇ੍ਣੀ ਦੀਆਂ ਪ੍ਰੀਖਿਆਵਾਂ ਵਿੱਚ ਕਈ ਸਕੂਲ ਵਿਦਿਆਰਥੀਆਂ ਨੂੰ ਸਕੂਲ ਵੱਲੋਂ ਨਕਲ ਕਰਵਾਉਣ ਅਤੇ ਹੋਰ ਬੇਨਿਯਮੀਆਂ ਕਾਰਨ ਸਬੰਧਤ ਵਿਸ਼ੇ ਦੇ ਪੇਪਰ ਰੱਦ ਕਰਨ ਅਤੇ ਕਈ ਸਕੂਲਾਂ ਦਾ ਨਕਲ ਕਾਰਨ ਪ੍ਰੀਖਿਆ ਕੇਂਦਰ ਤਬਦੀਲ ਕਰਨਾ ਪਿਆ, ਜਿਸ ਨਾਲ ਦਫਤਰ ਦਾ ਸਮਾਂ ਅਤੇ ਵਿਤੀ ਨੁਕਸਾਨ ਹੋਇਆ। ਇਸ ਲਈ ਇਸ ਪੱਤਰ ਰਾਹੀਂ ਸਮੂਹ ਸੰਸਥਾ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਕਲ ਰਹਿਤ ਪ੍ਰੀਖਿਆਵਾਂ ਕਰਵਾਉਣ ਲਈ ਸਾਰੇ ਸਕੂਲ ਆਪਣੇ ਖਰਚੇ ਤੇ ਪਬਲਿਕ ਨੋਟਿਸ ਦੇਣਗੇ ਕਿ ਇਸ ਸਕੂਲ ਵਿੱਚ ਪ੍ਰੀਖਿਆਵਾਂ ਦੌਰਾਨ ਨਕਲ ਨਹੀਂ ਹੋਣ ਦਿੱਤੀ ਜਾਵੇਗੀ। ਨੌਵੀਂ ਤੋਂ ਬਾਰ੍ਹਵੀਂ ਤੱਕ ਦਾਖਲਾ ਕਰਨ ਸਮੇਂ ਬੱਚਿਆਂ ਦੇ ਮਾਪਿਆਂ ਤੋਂ ਇਕ ਅੰਡਰਟੇਕਿੰਗ ਲਈ ਜਾਵੇ ਕਿ ਉਹ ਅਪਣੇ ਬੱਚਿਆਂ ਨੂੰ ਨਕਲ ਨਹੀਂ ਕਰਵਾਉਣਗੇ, ਬਲਕਿ ਨਕਲ ਰੋਕਣ ਵਿੱਚ ਸਕੂਲ ਨੂੰ ਸਹਿਯੋਗ ਦੇਣਗੇ।

26/09/18
ਇੰਚਾਰਜ (ਐਫੀ.)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।